# ਪੰਜਾਬ ਵਿਧਾਨ ਸਭਾ ਸਕੱਤਰੇਤ

## ਸ਼ੁੱਕਰਵਾਰ, ਮਿਤੀ 14 ਦਸੰਬਰ, 2018 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ (ਸਵੇਰ ਦੀ ਬੈਠਕ) ਵਿਚ ਪੁੱਛੇ ਜਾਣ ਵਾਲੇ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ

### ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਅਧਿਆਪਕ ਵਿਦਿਆਰਥੀ ਅਨੁਪਾਤ ਦਾ ਵੇਰਵਾ

230. **ਸ੍ਰੀ ਅਮਨ ਅਰੋੜਾ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਇਸ ਸਮੇਂ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ (ਪ੍ਰਾਇਮਰੀ ਤੋਂ ਸੀਨੀਅਰ ਸੈਕੰਡਰੀ ਤੱਕ) ਜਮਾਤ ਅਤੇ ਵਿਸ਼ੇ ਮੁਤਾਬਿਕ ਕਿੰਨੇ-ਕਿੰਨੇ ਅਧਿਆਪਕ ਅਤੇ ਵਿਦਿਆਰਥੀ ਹਨ;

ਅ) ਕੀ **Right to Education Act** ਮੁਤਾਬਿਕ ਅਤੇ ਬਾਕੀ ਸਬੰਧਿਤ ਕੇਂਦਰੀ ਅਤੇ ਰਾਜ ਕਾਨੂੰਨਾਂ ਅਤੇ ਨਿਯਮਾਵਲੀ ਮੁਤਾਬਿਕ ਅਧਿਆਪਕ ਵਿਦਿਆਰਥੀ ਅਨੁਪਾਤ (Teacher Student Ratio) ਸਹੀ ਹੈ;

ੲ) ਜੇਕਰ ਨਹੀਂ ਤਾਂ ਸਰਕਾਰ ਇਸ ਅਨੁਪਾਤ ਨੂੰ ਪੂਰਾ ਕਰਨ ਲਈ ਕੀ ਉਪਰਾਲੇ ਕਰ ਰਹੀ ਹੈ?

### ਫਰਜੀ ਪੈਨਸ਼ਨ ਲਾਭਪਾਤਰੀਆਂ ਦੀ ਗਿਣਤੀ

231. **ਸ੍ਰੀ ਅਮਨ ਅਰੋੜਾ ਐਮ.ਐਲ.ਏ.:-** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਮੌਜੂਦਾ ਸਰਕਾਰ ਵਲੋਂ ਸਰਕਾਰ ਬਣਨ ਉਪਰੰਤ ਪੈਨਸ਼ਨ ਲਾਭਪਾਤਰੀਆਂ ਦੀ ਵੈਰੀਫਿਕੇਸ਼ਨ, ਪੜਤਾਲ ਕਰਵਾਉਣ ਤਹਿਤ ਪੂਰੇ ਪੰਜਾਬ ਵਿਚ ਜ਼ਿਲਾਵਾਰ ਕਿੰਨੇ ਫਰਜੀ ਲਾਭਪਾਤਰੀ ਪਾਏ ਗਏ ਹਨ;

ਅ) ਇਹਨਾਂ ਨਜ਼ਾਇਜ (ਗਲਤ) ਪੈਨਸ਼ਨਾਂ ਨਾਲ ਸਰਕਾਰ ਦਾ ਕੁੱਲ ਕਿੰਨਾਂ ਮਾਲੀਆ ਨੁਕਸਾਨ ਹੋ ਚੁੱਕਾ ਹੈ;

ੲ) ਕੀ ਸਰਕਾਰ ਇਹਨਾਂ ਨਜਾਇਜ਼ ਲਾਭਪਾਤਰੀਆਂ ਨੂੰ ਲਾਭ ਪਹੁੰਚਾਉਣ ਵਾਲੇ ਸਬੰਧਤ ਅਧਿਕਾਰੀਆਂ ਦੇ ਖਿਲਾਫ ਕੋਈ ਕਾਰਵਾਈ ਕਰ ਰਹੀ ਹੈ, ਜੇਕਰ ਹਾਂ ਤਾਂ ਕੀ ਕਾਰਵਾਈ ਕੀਤੀ ਜਾ ਰਹੀ ਹੈ?

### ਸਕੂਲ ਵਾਸਤੇ ਨਵੀਂ ਇਮਾਰਤ ਦੀ ਉਸਾਰੀ ਕਰਨਾ

232. **ਸ੍ਰੀ ਅਮਨ ਅਰੋੜਾ ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਲੌਂਗੋਵਾਲ (ਲੜਕੀਆਂ), ਵਿੱਚ ਕਿੰਨੇ ਵਿਦਿਆਰਥੀ ਪੜ੍ਹਦੇ ਹਨ ਅਤੇ ਇਸ ਸਕੂਲ ਦੀ ਬਿਲਡਿੰਗ ਕਦੋਂ ਦੀ ਬਣੀ ਹੋਈ ਹੈ;

ਅ) ਕੀ ਇਹ ਸਹੀ ਹੈ ਕਿ ਇਸ ਸਕੂਲ ਨੂੰ ਨਵੀਂ ਜਗ੍ਹਾ ਸ਼ਿਫਟ ਕਰਨ ਲਈ ਸਰਕਾਰ ਵੱਲੋਂ ਨਵੀਂ ਇਮਾਰਤ ਦੀ ਉਸਾਰੀ ਨੂੰ ਮੰਨਜੂਰੀ ਦਿੱਤੀ ਜਾ ਚੁੱਕੀ ਹੈ; ਜੇਕਰ ਹਾਂ ਤਾਂ ਉਸ ਦੇ ਵੇਰਵੇ ਕੀ ਹਨ;

ੲ) ਕੀ ਇਸ ਨਵੀਂ ਇਮਾਰਤ ਦੀ ਉਸਾਰੀ ਦਾ ਕੰਮ ਪੂਰਾ ਹੋ ਚੁੱਕਾ ਹੈ; ਜੇਕਰ ਨਹੀਂ ਤਾਂ ਕਿਉਂ ਅਤੇ ਸਰਕਾਰ ਕਦੋਂ ਤੱਕ ਇਸ ਨੂੰ ਪੂਰਾ ਕਰਨ ਦੀ ਮਨਸ਼ਾ ਰੱਖਦੀ ਹੈ?

### ਨਸ਼ਿਆਂ ਦੀ ਓਵਰਡੋਜ਼ ਨਾਲ ਹੋਈਆਂ ਮੌਤਾਂ ਦਾ ਵੇਰਵਾ

233. **ਸ੍ਰੀ ਅਮਨ ਅਰੋੜਾ ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਮਿਤੀ 01-01-2017 ਤੋਂ 31-12-2017 ਅਤੇ 01-01-2018 ਤੋਂ 30-09-2018 ਤੱਕ ਸਮੁੱਚੇ ਪੰਜਾਬ ਵਿੱਚ ਜਿਲ੍ਹਾ ਵਾਰ ਪੁਲਿਸ ਰਿਕਾਰਡ (ਐਫ.ਆਈ.ਆਰ. ਜਾਂ ਬਾਕੀ ਤਫਤੀਸ਼ਾਂ) ਮੁਤਾਬਿਕ ਕਿੰਨੀਆਂ ਮੌਤਾਂ ਨਸ਼ਿਆਂ/ਡਰੱਗਸ ਦੀ ਓਵਰਡੋਜ਼ ਨਾਲ ਹੋਈਆਂ ਹਨ ਅਤੇ ਇਹਨਾਂ ਮੌਤਾਂ ਸਬੰਧੀ ਕਿਹੜੀ-ਕਿਹੜੀ ਧਾਰਾ ਤਹਿਤ ਐਫ.ਆਈ.ਆਰਜ਼. ਦਰਜ ਹਨ;

ਅ) ਮਿਤੀ 01-01-2017 ਤੋਂ 31-12-2017 ਅਤੇ 01-01-2018 ਤੋਂ 30-09-2018 ਤੱਕ ਪੰਜਾਬ ਸਰਕਾਰ ਦੀਆਂ ਮਾਨਤਾ ਪ੍ਰਾਪਤ ਲੈਬੋਰਟਰੀਆਂ ਵਿਚ ਪੁਲਿਸ ਵਲੋਂ ਕਰਵਾਏ ਗਏ ਕਿੰਨੇ ਕੇਸਾਂ/ਵਿਅਕਤੀਆਂ ਦੇ ਟੈਸਟਾਂ ਵਿਚ ਮੌਤ ਦਾ ਕਾਰਨ ਨਸ਼ੇ/ਡਰੱਗਜ਼ ਦੀ ਓਵਰਡੋਜ਼ ਹੈ ਅਤੇ ਕਿੰਨੀਆਂ ਮੌਤਾਂ ਕਿਹੜੇ ਡਰੱਗ/ਨਸ਼ੇ ਕਾਰਨ ਹੋਈਆਂ, ਵੇਰਵੇ ਸਹਿਤ ਦੱਸਿਆ ਜਾਵੇ?

### ਡੋਪ ਟੈਸਟ

235. **ਸ੍ਰੀ ਪਵਨ ਕੁਮਾਰ ਟੀਨੂੰ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣ ਦੀ ਕਿਰਪਾ ਕਰਨਗੇ ਕਿ:

ੳ) ਰਾਜ ਵਿੱਚ ਡੋਪ ਟੈਸਟ ਕਰਵਾਉਣਾ ਕਿਹੜੀਆਂ-2 ਸੁਵਿਧਾਵਾਂ ਲੈਣ ਲਈ ਜਰੂਰੀ ਕੀਤਾ ਗਿਆ ਹੈ ਅਤੇ ਇਸ ਡੋਪ ਟੈਸਟ ਦੀ ਫੀਸ ਕਿੰਨੀ ਰੱਖੀ ਗਈ ਹੈ;

ਅ) ਚਾਲੂ ਵਿੱਤੀ ਸਾਲ ਵਿੱਚ ਰਾਜ ਵਿੱਚ ਜਿਲ੍ਹਾਵਾਰ ਕੁੱਲ ਕਿੰਨੇ ਡੋਪ ਟੈਸਟ ਕੀਤੇ ਗਏ ਹਨ ਅਤੇ ਕਿੰਨੀ ਰਾਸ਼ੀ ਇਕੱਠੀ ਹੋਈ ਹੈ;

ੲ) ਉਪ੍ਰੋਕਤ ਵਰਣਿਤ ਇਕੱਤਰ ਹੋਈ ਰਕਮ ਕਿਹੜੇ ਖਾਤੇ ਵਿੱਚ ਜਮ੍ਹਾਂ ਕਰਵਾਈ ਜਾਂਦੀ ਹੈ ਅਤੇ ਇਹ ਰਾਸ਼ੀ ਕਿਸ ਮੰਤਵ ਲਈ ਖਰਚ ਕੀਤੀ ਜਾਂਦੀ ਹੈ, ਵੇਰਵੇ ਸਹਿਤ ਦੱਸਿਆ ਜਾਵੇ?

### ਦਰਜਾ ਚਾਰ ਦੀਆਂ ਵਿਭਾਗਾਂ-ਵਾਈਜ਼ ਖਾਲੀ ਅਸਾਮੀਆਂ ਬਾਰੇ

236. **ਸਰਦਾਰ ਬਲਦੇਵ ਸਿੰਘ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਦੇ ਵੱਖ-ਵੱਖ ਵਿਭਾਗਾਂ ਵਿਚ ਦਰਜਾ-4 ਦੀਆਂ ਕਿੰਨੀਆਂ-ਕਿੰਨੀਆਂ ਅਸਾਮੀਆਂ ਖਾਲੀ ਪਈਆਂ ਹਨ ਅਤੇ ਇਹਨਾਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ?

ਚੰਡੀਗੜ੍ਹ
ਮਿਤੀ 13 ਦਸੰਬਰ, 2018

ਸੁਪਰਡੰਟ
ਪੰਜਾਬ ਵਿਧਾਨ ਸਭਾ
ਚੰਡੀਗੜ੍ਹ

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।